# Sixth Round Table of ASEAN-India Network of Think Tanks

August 21, 2020

## ASEAN-ਭਾਰਤ ਵਿਚਾਰਕ ਮੰਚ ਨੈਟਵਰਕ ਦੀ ਛੇਵੀਂ ਗੋਲ ਮੇਜ਼ ਬੈਠਕ

21 ਅਗਸਤ, 2020

ਭਾਰਤੀ ਵਿਦੇਸ਼ ਮੰਤਰਾਲੇ ਨੇ ਥਾਈਲੈਂਡ ਦੇ ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ 20 -21 ਅਗਸਤ, 2020 ਨੂੰ ਵੀਡੀਓ ਕਾਨਫਰੈਂਸ ਰਾਹੀਂ ਕਰਾਈ। ਚੁਲਾਲੋਂਗਕੋਰਨ ਯੂਨੀਵਰਸਿਟੀ, ਬੈਂਕਾਕ ਦੇ ਏਸ਼ਿਆਈ ਅਧਿਐਨ ਕੇਂਦਰ (ASC) ਅਤੇ ਰੀਸਰਚ ਐਂਡ ਇਨਫੋਰਮੇਸ਼ਨ ਸਿਸਟਮ ਫਾਰ ਡਿਵੈਲਪਮੈਂਟ ਕੰਟਰੀਜ਼ (RIS) ਵਿਖੇ ASEAN-ਭਾਰਤ ਕੇਂਦਰ ਨੇ ਇਹ ਗੋਲ ਮੇਜ਼ ਬੈਠਕ ਕਰਾਉਣ 'ਚ ਭਾਈਵਾਲੀ ਕੀਤੀ। ਇਸ ਗੋਲ ਮੇਜ਼ ਬੈਠਕ ਦਾ ਵਿਸ਼ਾ ਸੀ -"ASEAN-ਭਾਰਤ: COVID ਤੋਂ ਬਾਅਦ ਦੇ ਸਮੇਂ ਵਿੱਚ ਭਾਈਵਾਲੀ ਨੂੰ ਮਜ਼ਬੂਤ ਕਰਨਾ"।

2. 20 ਅਗਸਤ, 2020 ਨੂੰ ਇਸ ਗੋਲ ਮੇਜ਼ ਬੈਠਕ ਦਾ ਉਦਘਾਟਨ ਵਿਦੇਸ਼ ਮੰਤਰੀ ਡਾ। ਐੱਸ ਜੈਸ਼ੰਕਰ ਅਤੇ ਥਾਈਲੈਂਡ ਦੇ ਵਿਦੇਸ਼ ਮੰਤਰੀ ਸ਼੍ਰੀ ਡੌਨ ਪ੍ਰਮੁਦਵਿਨੈ ਨੇ ਸਾਂਝੇ ਤੌਰ 'ਤੇ ਕੀਤਾ। ASEAN ਦੇ ਮਹਾ -ਸਕੱਤਰ ਸ਼੍ਰੀ ਲਿਮ ਜੋਕ ਹੋਈ ਨੇ ਵੀ ਉਦਘਾਟਨੀ ਸੱਤਰ ਨੂੰ ਸੰਬੋਧਤ ਕੀਤਾ। ਇਸ ਸੱਤਰ ਦੇ ਮੌਕੇ 'ਤੇ ਸਾਰੇ ਦਸ ASEAN ਮੈਂਬਰ ਮੁਲਕਾਂ ਦੇ SOM ਆਗੂ/ ਉਨ੍ਹਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

3. ਇਸ ਗੋਲ ਮੇਜ਼ ਬੈਠਕ ਵਿੱਚ ਪੰਜ ਵਿਸ਼ਿਆਂ 'ਤੇ ਆਧਾਰਤ ਸੱਤਰ ਹੋਏ ਯਾਨੀ COVID ਤੋਂ ਬਾਅਦ ਦੇ ਸਮੇਂ 'ਚ ਬਦਲ ਰਹੀ ਕੌਮਾਂਤਰੀ ਵਿਵਸਥਾ ਅਤੇ ASEAN-ਭਾਰਤ ਸੰਬੰਧ, ਉਭਰ ਰਹੀਆਂ ਵੈਲਯੂ ਚੇਨਾਂ: COVID ਤੋਂ ਬਾਅਦ ਦੇ ਸਮੇਂ 'ਚ ASEAN ਅਤੇ ਭਾਰਤ ਲਈ ਮੌਕੇ, ਨਿਊ ਨੌਰਮਲ ਅਤੇ ASEAN-ਭਾਰਤ ਭਾਈਵਾਲੀ ਅਤੇ ਭਵਿੱਖ' ਚ ਹੋਣ ਵਾਲੇ ਸਹਿਯੋਗ ਉੱਤੇ 4IR ਦਾ ਅਸਰ, ਭਾਰਤੀ- ਪ੍ਰਸ਼ਾਂਤ (AOIP) ਅਤੇ ਭਾਰਤੀ- ਪ੍ਰਸ਼ਾਂਤ ਸਮੁੰਦਰੀ ਪਹਿਲ (IPOI) ਬਾਰੇ ASEAN ਦਾ ਨਜ਼ਰੀਆ: ਪੂਰਕਤਾਵਾਂ ਅਤੇ ਸਹਿਯੋਗ' ਅਤੇ ਭਵਿੱਖ ਦਾ ਮਾਰਗ। ਹਰ ਸੱਤਰ ਵਿੱਚ ਪ੍ਰਮੁੱਖ ਵਿਚਾਰਕ ਮੰਚਾਂ, ਯੂਨੀਵਰਸਟੀਆਂ, ਭਾਰਤੀ ਅਤੇ ASEAN ਵਿੱਦਿਅਕ ਸੰਸਥਾਵਾਂ ਵੱਲੋਂ 4-5 ਪੈਨਲਿਸਟਾਂ ਨੇ ਖੋਜ ਪੱਤਰ ਪੇਸ਼ ਕੀਤੇ, ਜਿਨ੍ਹਾਂ ਤੋਂ ਬਾਅਦ ਸਵਾਲ -ਜਵਾਬ ਹੋਏ।

4. ਸਿੱਖਿਆ, ਸੱਨਤ, ਸਰਕਾਰ ਅਤੇ ਕੂਟਨੀਤਕ ਭਾਈਚਾਰੇ ਨਾਲ ਸੰਬੰਧਤ 400 ਤੋਂ ਵੱਧ ਲੋਕਾਂ ਨੇ ਇਸ ਗੋਲ ਮੇਜ਼ ਬੈਠਕ ਵਿੱਚ ਭਾਗ ਲਿਆ।

5. ਵਿਚਾਰਕ ਮੰਚਾਂ, ਨੀਤੀ ਘਾੜਿਆਂ, ਵਿਦਵਾਨਾਂ, ਮੀਡੀਆ ਅਤੇ ਵਪਾਰਕ ਨੁਮਾਇੰਦਿਆਂ ਦੀ ਭਾਗੀਦਾਰੀ ਨਾਲ ਬਣੇ ASEAN-ਭਾਰਤ ਗੋਲ ਮੇਜ਼ ਮੰਚ ਦੀ ਸਥਾਪਨਾ ਥਾਈਲੈਂਡ 'ਚ 2009 ਵਿੱਚ ਹੋਏ ਸੱਤਵੇਂ ASEAN -ਭਾਰਤ ਸ਼ਿਖਰ ਸੰਮੇਲਨ ਦੌਰਾਨ ਕੀਤੀ ਗਈ ਸੀ, ਤਾਂ ਜੋ ਭਵਿੱਖ ਵਿੱਚ ਹੋਣ ਵਾਲੇ ਸਹਿਯੋਗ ਬਾਰੇ ਸਰਕਾਰਾਂ ਨੂੰ ਨੀਤੀਗਤ ਜਾਣਕਾਰੀ ਦਿੱਤੀ ਜਾ

ਸਕੇ। ਇਹ ਮੰਚ ਉੱਚ ਪੱਧਰੀ ਸੋਧ ਦੇ ਪਲੇਟਫਾਰਮ  ਵਜੋਂ ਕੰਮ ਕਰਦਾ ਹੈ ਅਤੇ  ASEAN -ਭਾਰਤ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਬਣਾਉਣ ਵਾਸਤੇ ਲੰਮੇ ਸਮੇਂ ਦੇ ਨਜ਼ਰੀਏ ਦਿੰਦਾ ਹੈ।

ਨਵੀਂ ਦਿੱਲੀ

21 ਅਗਸਤ, 2020

DISCLAIMER: This is an approximate translation. The original is available in English on MEA's website and may be referred to as the official press release.